# ਰੱਖੋ ਸਾਂਭ ਕੇ

ਊੜੇ ਤੋਂ ੜਾੜੇ ਤਕ ਮਾਲ਼ਾ ਸੁੱਚੇ ਮੋਤੀਆਂ ਵਾਲ਼ੀ
ਰੱਖੋ ਸਾਂਭ ਕੇ ਜੇ ਗੁੰਮ ਗਈ ਤਾਂ ਫੇਰ ਨਹੀਂ ਲੱਭਣੀ ਭਾਲ਼ੀ
ੳ-ਉਠੋ,ਅ-ਆਓ,ੲ-ਇੱਕ ਰੰਗ ਝਲਕੇ
ਸ-ਸਾਰੇ,ਹ-ਹੰਭਲਾ,ਆਓ ਮਾਰੀਏ ਰਲ਼ ਕੇ
ਕਹਿਣ ਸਿਆਣੇ,ਚੰਗੀ ਨਹੀਂ ਹੁੰਦੀ, ਅਣਗਹਿਲੀ ਬਾਹਲ਼ੀ
ਰੱਖੋ ਸਾਂਭ ਕੇ.........
ਇਸ ਮਾਲ਼ਾ ਨੂੰ ਛੋਹ ਹੈ ਪ੍ਰਾਪਤ ਗੁਰੂਆਂ ਤੇ ਭਗਤਾਂ ਦੀ
ਇਸ ਨੇ ਕਦੇ ਈਨ ਨਹੀਂ ਮੰਨੀ ਦੁਨਿਆਵੀ ਤਖ਼ਤਾਂ ਦੀ
ਕ-ਕੁਝ ਤਾਂ,ਖ-ਖੱਟ ਲਓ,ਗ-ਗੁਰਬਾਣੀ ਤੋਂ
ਘ-ਘਰ ਵਿਚ ਭਾਗ ਏਸ ਦੇ ਲੱਗਾ ਗੁਰਬਾਣੀ ਤੋਂ
ਙੰਙੇ ਨਾਂ ਦੇ ਮੋਤੀ ਨੇ ਇਸ ਵਿਚ ਢੁੱਕਵੀ ਥਾਂ  ਪਾ ਲੀ
ਰੱਖੋ ਸਾਂਭ ਕੇ................
ਸ਼੍ਰੀ ਗੁਰੂ ਅੰਗਦ ਜੀ ਨੇ ਮੋਤੀਆਂ ਨੂੰ ਇਕ ਲੜੀ ਪਰੋਇਆ
ਰੂਪ ਇਨ੍ਹਾਂ ਦਾ ਓਦੋਂ ਤੋਂ ਹੀ ਦੂਣ-ਸਵਾਇਆ ਹੋਇਆ
ਚ-ਚੱਲੋ, ਛ-ਛੇਤੀ,ਜ-ਜਪੀਏ ਸਾਰੇ
ਝ-ਝੂਠ ਨਾ ਮੈਂ ਆਖਾਂ,ਹੋ ਜਾਣੇ ਵਾਰੇ-ਨਿਆਰੇ
ਞ-ਆਖੇ ਇਹ ਮਾਲਾ ਤਾਂ ਜਪਣੀ ਬੜੀ ਸੁਖਾਲ਼ੀ
ਰੱਖੋ ਸਾਂਭ ਕੇ............
ਇਸ ਨੇ ਸੁੱਤਿਆਂ ਦੇ ਸੁੱਤਿਆਂ ਭਾਗਾਂ ਨੂੰ ਆਣ ਜਗਾਇਆ
ਚਹੁ-ਮੁਖੀਏ ਦੀਵੇ ਦੇ ਚਾਨਣ ਵਾਂਙੂੰ ਰਾਹ ਰੁਸ਼ਨਾਇਆ
ਟ- ਟੌਹਰ ਤੇ, ਠ- ਠੁੱਕ,ਡ-ਡਿੱਠੀ,ਜਿਸ-ਜਿਸ ਨੇ
ਢ-ਢਹਿ ਕੇ,ਣ-ਣਮੋਕਾਰ ਕੀਤੀ ਤਿਸ-ਤਿਸ ਨੇ
ਸੁਧਰ ਗਿਆ ਜੀਵਨ ਜੋ-ਜੋ ਵੀ ਪੈ ਗਏ ਏਸ ਕੁਠਾਲ਼ੀ
ਰੱਖੋ ਸਾਂਭ ਕੇ...............
ਇਸ ਮਾਲਾ ਦਾ ਹੈ ਸ਼੍ਰੋਮਣੀ ਊੜੇ ਨਾਮ ਦਾ ਮੋਤੀ
ਜਿਸ ਵਿਚ ਹੈ ਬਾਬਾ ਜੀ ਦੇ ੴ ਦੀ ਜੋਤੀ
ਤ-ਤੂੰ ਹੀ, ਥ-ਥਾਨ-ਥਨੰਤਰ ਦ-ਦਾਤਾ
ਧ-ਧੰਨ ਤੇਰੀ ਕੁਦਰਤ,ਨ-ਨਿੱਤ ਨਵੀਂ ਵਿਧਾਤਾ।
ਲੱਗਦੀ ਐ ਮੈਨੂੰ ਤਾਂ ਮੈਂ ਜਦ ਦੀ ਹੈ ਸੁਰਤ ਸੰਭਾਲ਼ੀ
ਰੱਖੋ ਸਾਂਭ ਕੇ. . . .
ਇਹ ਮਾਲ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜਾ ਪਾ ਗਈ
ਪੈਂਤੀ ਤੋਂ ਫਿਰ ਬਣ ਗਈ ਗੁਰਮੁਖੀ, ਆਪਣੀ ਸ਼ਾਨ ਵਧਾ ਗਈ
ਪ-ਪਰ ਅਸੀਂ, ਫ-ਫੇਰ ਵੀ, ਬ-ਬੇ-ਕਦਰਿਆਂ ਨੇ
ਭ-ਭਲੀ ਨੀ,ਮ-ਮਾਸਾ, ਵੀ ਸੋਚੀ ਸੁਥਰਿਆਂ ਨੇ

ਇਉਂ ਨਾ ਕਰੋ ਨਿਰਾਦਰ ਛੱਡ ਦਿਓ ਕਿਉਂ ਬੇਸ਼ਰਮੀ ਢਾਲੀ .. ?
ਰੱਖੋ ਸਾਂਭ ਕੇ. . . .
ਆਓ ! ਪੰਜਾਬ,ਪੰਜਾਬੀ, ਪੰਜਾਬੀਅਤ ਦੇ ਰਖਵਾਲੋ
ਇਸ ਨੂੰ ਸਵੀਕਾਰਨ,ਸਤਿਕਾਰਨ ਦੀ ਕੋਈ ਘਾਲਣਾ ਘਾਲ਼ੋ
ਯ-ਯਾਦ, ਰ-ਰੱਖਣ ਦੀ, ਲ-ਲੋੜ ਹੈ ਆਓ
ਵ-ਵਕਤ ਵਿਚਾਰੀਏ ਇੰਞ ਨ ਵੇਲਾ ਹੱਥੋਂ ਖੁੰਝਾਓ
ੜ-ੜਾੜਿ ਛੱਡੋ 'ਤੂੰ-ਮੈਂ' ਦਾ, ਜਾਓਂ ਸਮਾਂ ਕਿਉ ਗਾਲ਼ੀ?
ਰੱਖੋ ਸਾਂਭ ਕੇ. . . .
ਇਸ ਮਾਲ਼ਾ ਦੇ ਜਦ ਕੁਝ ਮੋਤੀਆਂ ਦੇ ਚਰਨਾਂ ਵੱਲ ਝਾਕਿਆ
ਸੱਸੇ, ਖੱਖੇ,ਗੱਗੇ,ਜੱਜੇ,ਫੱਫੇ, ਲੱਲੇ ਨੂੰ ਆਖਿਆ
ਕਦੇ ਅਲੋਪ ਕਦੇ ਪ੍ਰਗਟ, ਚਰਨਾਂ ਚ ਤੁਹਾਡੇ ਕੀ ਹੈ..?
ਕਹਿੰਦੇ ਇਹ ਤਾਂ ਨਿਸ਼ਾਨੀ, ਦੂਹਰੀ ਜ਼ਿੰਮੇਵਾਰੀ ਦੀ ਹੈ
ਜਿਸ ਨੂੰ ਜੈਸੀ ਲੋੜ ਅਸਾਨੂੰ ਓਵੇਂ ਵਰਤ ਲੈਂਦਾ ਹੈ
ਰੂਪ ਤਾਂ ਘੱਟ, ਸਾਡੇ ਮਿਜ਼ਾਜ਼ ਵਿਚ ਬਹੁਤ ਫਰਕ ਪੈਂਦਾ ਹੈ
ਸ਼-ਸ਼ਬਦ ਚੋਣ ਦੀ, ਖ਼ - ਖ਼ੂਬੀ ਖ ਖ਼ਾਸ ਥਾਂ ਰੱਖਦੀ
ਗ਼-ਗ਼ਨੀਮਤ ਹੈ ਗ਼ਫ਼ੂਰ ਨੇ ਕਰ 'ਤੀ ਸੋਚ ਮੇਰੀ ਲੱਖ ਦੀ
ਜ਼- ਜ਼ੁਬਾਨ ਪੰਜਾਬੀ ਦੀ ਮੈਨੂੰ ਬਖ਼ਸ਼ੀ ਜ਼ਹਿਨੀਅਤ ਜਿਸ ਨੇ
ਉਸ ਦੀ ਰਹਿਮਤ ਬਿਨ ਪਾਈ ਹੈ ਦੱਸੋ ਅਹਿਮੀਅਤ ਕਿਸ ਨੇ ?
ਫ਼- ਫ਼ਜ਼ਲ ਨਾਲ ਹੀ ਦੇ ਗਏ, ਲ਼ ਲਫ਼ਜ਼ ਵਿਖਾਲ਼ੀ।
ਰੱਖੋ ਸਾਂਭ ਕੇ. . . .
ਇਸ ਮਾਲ਼ਾ ਵਿੱਚ ਲੱਲਾ ਵਰਨ ਜੋ ਪੈਰ ਬਿੰਦੀ ਨਾਲ਼ ਆਉਂਦਾ
ਇਹ ਸ਼ਬਦਾਂ ਦੇ ਮੁੱਢ 'ਚ ਕਿਤੇ ਵੀ ਭਾਲ਼ਿਆ ਨਹੀਂ ਥਿਆਉਂਦਾ
ਇਸ ਦੇ ਬਾਰੇ ਦੱਸਦੇ ਹਨ ਵਿਦਵਾਨ ਮੰਨੇ-ਪ੍ਰਮੰਨੇ
ਜਾਂ ਇਹ ਸ਼ਬਦ ਦੇ ਆਉਂਦਾ ਵਿਚਾਲ਼ੇ ਜਾਂ ਅਖ਼ੀਰਲੇ ਬੰਨੇ
ਏਸ ਵਰਨ ਦੇ ਰਲ਼ਿਆਂ ਪੂਰੇ ਹੋ ਜਾਂਦੇ ਇਕਤਾਲ਼ੀ
ਊੜੇ ਤੋਂ ੜਾੜੇ ਤਕ ਮਾਲ਼ਾ ਸੁੱਚੇ ਮੋਤੀਆਂ ਵਾਲ਼ੀ
ਰੱਖੋ ਸਾਂਭ ਕੇ ਜੇ ਗੁੰਮ ਗਈ ਤਾਂ ਫੇਰ ਨਹੀਂ ਲੱਭਣੀ ਭਾਲ਼ੀ
ਰ-ਣ ਜੱਜੇ ਬਿਹਾਰੀ, ਤ ਜੋੜੇ ਹੱਥ ਦੋਵੇਂ
ਹੋ ਗਈ ਹੋਵੇ ਕੋਈ ਗ਼ੁਸਤਾਖ਼ੀ , ਮਾਫ਼ ਕਰ ਦਿਓ ਓਵੇਂ
ਜਿਵੇਂ ਕਿਸੇ ਪੁੱਤ ਨੂੰ ਕਰ ਦਿੰਦੀ, ਮਾਫ਼ ਓਸ ਦੀ ਮਾਂ ਹੈ
ਤੁਸੀ ਹੀ ਸੁੱਘੜ ਪਾਠਕੋ ਮੇਰੀ ਫੜਨੀ ਵੀਰਨੇ ਬਾਂਹ ਹੈ।
ਕੱਕੇ ਹੋੜਾ,ਠੱਠੇ ਲਾਂ ਪਿੰਡ ਦੇ ਨੇ ਘਾਲਣਾ- ਘਾਲ਼ੀ
ਕੋਠੇ ਦੇ 'ਰਣਜੀਤ ਸਿੰਘ' ਨੇ ਹੈ ਇਹ ਘਾਲਣਾ- ਘਾਲ਼ੀ
ਰੱਖੋ ਸਾਂਭ ਕੇ ਜੇ ਗੁੰਮ ਗਈ ਤਾਂ ਫੇਰ ਨੀ ਲੱਭਣੀ ਭਾਲ਼ੀ !